## STEPS (ਸਟੈਪਸ) ਕੀ ਹੈ?

- ਇਕ ਰਜਿਸਟ੍ਰਡ ਚੈਰਿਟੀ
- ਮੋਟਰ (ਇਕ ਕਿਸਮ ਦੀ ਮਾਨਸਿਕ ਬਿਮਾਰੀ ਜੋ ਬੱਚੇ ਨੂੰ ਜਨਮ ਤੋਂ ਹੀ ਜਾਂ ਜਨਮ ਤੋਂ ਤੁਰੰਤ ਬਾਅਦ ਹੋ ਜਾਂਦੀ ਹੈ ਜਿਸ ਕਾਰਨ ਉਹ ਸਿਖਣ ਸਬੰਧੀ ਨਿਰਯੋਗਤਾਵਾਂ ਦਾ ਸ਼ਿਕਾਰ ਹੋ ਜਾਂਦਾ ਹੈ) ਲਰਨਿੰਗ ਡਿਸਏਬਿਲਿਟੀਜ਼ ਜਾਂ ਦੇਰ ਨਾਲ ਸਿਖਣ ਵਾਲੇ ਬੱਚਿਆਂ ਲਈ ਇਕ ਸਪੈਸ਼ਲਿਸਟ ਰਜਿਸਟ੍ਰਡ ਨਰਸਰੀ
- ਫ਼ਾਊਂਡੇਸ਼ਨ ਲੈਵਲ ਲਈ ਇਕ ਮੁੱਖ ਸਥਾਨ
- ਮਾਪਿਆਂ ਅਤੇ ਪਰਵਾਰਾਂ ਲਈ ਇਕ ਸਪੋਰਟ ਗਰੁੱਪ

ਜਦ ਅਸੀਂ ਬੱਚਿਆਂ ਲਈ ਚਾਲੂ ਰਹਿਣ ਵਾਲੀ ਮਦੱਦ ਪ੍ਰਦਾਨ ਕਰਦੇ ਹਾਂ ਤਾਂ STEPS ਉਹਨਾਂ ਲਈ ਜਨਮ ਤੋਂ ਲੈ ਕੇ ਸਕੂਲ ਜਾਣ ਦੀ ਉਮਰ ਤੱਕ ਸਪੋਰਟ ਪ੍ਰਦਾਨ ਕਰਦਾ ਹੈ । ਇਸ ਨਰਸਰੀ ਵਿੱਚ ਆਉਣ ਵਾਲੇ ਬਹੁਤੇ ਬੱਚਿਆਂ ਨੂੰ ਸੇੱਰਿਬਲ ਪਾਲੱਜ਼ਿ (ਦਿਮਾਗੀ ਲਕਵੇ ਦੀ ਬਿਮਾਰੀ) ਹੁੰਦੀ ਹੈ । ਡਾਊਨ ਸਿੰਡ੍ਰੋਮ ਜਾਂ ਇਸ ਨਾਲ ਮਿਲਦੀ ਜੁਲਦੀ ਅਵਸਥਾ ਮੋਟਰ ਕੁਆਰਡੀਨੇਸ਼ਨ (ਤਾਲਮੇਲ) ਵਿੱਚ ਹਲਕੀ ਤੋਂ ਗੰਭੀਰ ਮੁਸ਼ਕਲ ਪੈਦਾ ਕਰ ਦਿੰਦੀ ਹੈ । ਕਮਜ਼ੋਰ ਨਜ਼ਰ, ਗਲ ਬਾਤ ਕਰਨ ਵਿੱਚ ਮੁਸ਼ਕਲਾਂ ਜਾਂ ਸਿਖਣ ਸਬੰਧੀ ਨਿਰਯੋਗਤਾਵਾਂ ਵਰਗੇ ਇਸ ਦੇ ਉਪ–ਲੱਛਣ ਹੋ ਸਕਦੇ ਹਨ ।

ਬੱਚੇ ਦੀ ਪੜ੍ਹਾਈ ਵਿੱਚ ਅਸੀਂ ਉਹਨਾਂ ਦੇ ਮਾਪਿਆਂ ਨੂੰ ਮੂਹਰੇ ਰੱਖਦੇ ਹਾਂ । ਬੱਚਾ ਅਤੇ ਮਾਪਾ ਸਾਰਾ ਦਿਨ ਦੋਵੇਂ ਇਕੱਠੇ ਰਹਿੰਦੇ ਹਨ, ਉਦੋਂ ਤੱਕ ਇਕੱਠੇ ਖੇਡਦੇ ਅਤੇ ਪੜ੍ਹਦੇ ਹਨ ਜਦ ਤੱਕ ਅਸੀਂ ਮਹਿਸੂਸ ਨਹੀਂ ਕਰਦੇ ਕਿ ਬੱਚੇ ਆਪਣੇ ਆਪ ਸਿਖਣ ਲਈ ਤਿਆਰ ਹਨ । ਮਾਪਿਆਂ ਨੂੰ ਸਿਖਾਇਆ ਜਾਂਦਾ ਹੈ ਕਿ ਜੋ ਉਹ ਸਿਖਦੇ ਹਨ ਉਸਨੂੰ ਘਰ ਦੇ ਮਾਹੌਲ ਵਿੱਚ ਕਿਸ ਤਰ੍ਹਾਂ ਤਬਦੀਲ ਕਰਨਾ ਹੈ ।

ਇਹ ਇਕ ਅਜਿਹਾ ਸਥਾਨ ਵੀ ਹੈ ਜਿਥੇ ਮਾਪਿਆਂ ਨੂੰ ਇਕ ਦੂਜੇ ਤੋਂ ਮਦੱਦ ਮਿਲਦੀ ਹੈ । ਬੱਚੇ ਗਰੁੱਪਾਂ ਵਿੱਚ ਮਿਲ ਕੇ ਕੰਮ ਕਰਦੇ ਹਨ, ਇਸ ਲਈ ਉਥੇ ਗਲ ਬਾਤ ਕਰਨ, ਫ਼ਿਕਰ ਅਤੇ ਪ੍ਰਾਪਤੀਆਂ ਸਾਂਝੀਆਂ ਕਰਨ ਲਈ ਹੋਰ ਮਾਪੇ ਵੀ ਹੁੰਦੇ ਹਨ ।

## ਅਸੀਂ ਕੀ ਕਰਦੇ ਹਾਂ?

ਨਰਸਰੀ ਵਿੱਚ ਸੇਧ ਪ੍ਰਦਾਨ ਕਰਨ ਵਾਲੀ ਪੜ੍ਹਾਈ, ਸਿਖਣ ਦੀ ਕਾਰਜ–ਵਿਧੀ ਅਪਨਾਈ ਜਾਂਦੀ ਹੈ, ਜਿਸ ਵਿੱਚ ਸਿਰਫ਼ ਸਰੀਰਕ ਹੀ ਨਹੀਂ ਸਗੋਂ ਬੱਚਿਆਂ ਦੇ ਵਿਕਾਸ ਦੇ ਸਾਰੇ ਪਹਿਲੂ ਸ਼ਾਮਲ ਹੁੰਦੇ ਹਨ ।

ਹਰ ਰੋਜ਼ ਪਹਿਲਾਂ ਅਸੈਂਬਲੀ ਹੁੰਦੀ ਹੈ ਅਤੇ ਫਿਰ ਕਈ 'ਟਾਸਕ ਸੀਰੀਜ਼' (ਕਈ ਕਿਸਮ ਦੇ ਕੰਮ) ਕਰਵਾਏ ਜਾਂਦੇ ਹਨ । ਇਹਨਾਂ ਦੇ ਦੌਰਾਨ, ਕਈ ਕਿਸਮ ਦੀਆਂ ਸਥਿਤੀਆਂ ਵਿੱਚ ਹੁਨਰਾਂ ਦਾ ਅਭਿਆਸ ਕਰਵਾਇਆ ਜਾਂਦਾ ਹੈ, ਅੰਤ ਵਿੱਚ ਬਾਅਦ ਦੁਪਹਿਰ ਹੱਥੀਂ ਕਰਨ ਵਾਲੇ ਕੰਮ ਕਰਵਾਏ ਜਾਂਦੇ ਹਨ ਜਿਵੇਂ ਕਿ ਕੁੱਕਿੰਗ ਅਤੇ ਕਰਾਫ਼ਟ ।

ਜਿਵੇਂ ਕਿ ਹਰ ਇਕ ਨਰਸਰੀ ਵਿੱਚ ਹੁੰਦਾ ਹੈ, ਹਰੇਕ ਟਰਮ ਵਿੱਚ ਇਕ ਵਿਸ਼ਾ ਚੁਣਿਆ ਜਾਂਦਾ ਹੈ ਅਤੇ ਗੌਰਮਿੰਟ ਦੇ 'ਅਰਲੀ ਲਰਨਿੰਗ ਗੋਲਜ਼' (ਮੁੱਢਲੀ ਪੜ੍ਹਾਈ ਸਬੰਧੀ ਨਿਸ਼ਾਨੇ) ਸ਼ਾਮਲ ਕੀਤੇ ਜਾਂਦੇ ਹਨ । ਹਾਲ ਹੀ ਵਿੱਚ ਆਫ਼ਸਟੈਡ ਦੀ ਇਕ ਰਿਪੋਰਟ ਵਿੱਚ ਵਰਨਣ ਕੀਤਾ ਗਿਆ ਹੈ ਕਿ "STEPS ਸਪੈਸ਼ਲ ਐਜੂਕੇਸ਼ਨ ਨੀਡਜ਼ ਵਾਲੇ ਬੱਚਿਆਂ ਨੂੰ ਇਕ ਵਿਸ਼ੇਸ਼ ਸਰਵਿਸ ਪ੍ਰਦਾਨ ਕਰਦਾ ਹੈ ।" ਗਰੁੱਪ ਦੇ ਉਦੇਸ਼ਾਂ ਅਤੇ ਮੰਤਵਾਂ ਦੇ ਨਾਲ ਨਾਲ, ਬੱਚਿਆਂ ਦੇ ਆਪਣੇ ਨਿੱਜੀ ਉਦੇਸ਼ ਹੁੰਦੇ ਹਨ ਜਿਹੜੇ ਮਾਪਿਆਂ ਅਤੇ ਬੱਚੇ ਦੇ ਪ੍ਰੀ–ਸਕੂਲ ਅਧਿਆਪਕ ਅਤੇ ਫ਼ਿਜ਼ਿਓਥੇੱਰਪਿਸਟ (ਭੌਤਿਕ ਚਿਕਿਤਸਿਕ) ਦੇ ਨਾਲ ਮਿਲ ਕੇ ਨਿਯਤ

ਕੀਤੇ ਜਾਂਦੇ ਹਨ । ਰਿਕਾਰਡ ਰੱਖੇ ਜਾਂਦੇ ਹਨ ਅਤੇ ਨਿਰੀਖਣ ਅਤੇ ਮੁਲਾਂਕਣ ਧਿਆਨ–ਪੂਰਬਕ ਕੀਤਾ ਜਾਂਦਾ ਹੈ । ਬੱਚੇ ਦੇ ਵਿਕਾਸ ਅਤੇ ਤਰੱਕੀ ਦੇ ਹਿੱਤ ਵਿੱਚ ਯੋਗਦਾਨ ਪਾਉਣ ਵਾਲੇ ਸਾਰੇ ਪ੍ਰਫ਼ੈਸ਼ਨਲਜ਼ ਦੀਆਂ ਬਾਕਾਇਦਾ ਰਿਵਿਯੂ ਮੀਟਿੰਗਾਂ ਹੁੰਦੀਆਂ ਹਨ । ਸਾਡਾ ਉਦੇਸ਼ ਬੱਚਿਆਂ ਨੂੰ ਹੁਨਰ ਅਤੇ ਮੁਸ਼ਕਲਾਂ ਹੱਲ ਕਰਨ ਦੀਆਂ ਸਕੀਮਾਂ ਸਿਖਾ ਕੇ ਸਕੂਲ ਵਿੱਚ ਅਤੇ ਆਪਣੀਆਂ ਕਮਿਊਨਿਟੀਆਂ ਵਿੱਚ ਆਪਣੇ ਹਾਣ ਦੇ ਬੱਚਿਆਂ ਦੇ ਵੱਧ ਤੋਂ ਵੱਧ ਨਾਲ ਮਿਲਣ ਦੇ ਯੋਗ ਬਣਾਉਣ ਲਈ ਸੱਭ ਤੋਂ ਵਧੀਆ ਸ਼ੁਰੂਆਤ ਹੈ ।

ਨਰਸਰੀ ਵਿੱਚ ਆਉਣ ਵਾਲੇ ਲੋਕ ਖੁਸ਼ਗਵਾਰ ਅਤੇ ਮਸ਼ਰੂਫ਼ ਵਾਤਾਵਰਣ ਦੀ ਹਮੇਸ਼ਾਂ ਸ਼ਲਾਘਾ ਕਰਦੇ ਹਨ ।

## ਚਾਲੂ ਰਹਿਣ ਵਾਲੀ ਮਦੱਦ

ਜਦ ਬੱਚੇ 5 ਸਾਲ ਦੀ ਉਮਰ ਦੇ ਹੋ ਜਾਂਦੇ ਹਨ ਤਾਂ ਉਹ ਕਾਨੂੰਨਨ ਤੌਰ ਤੇ ਸਕੂਲ ਜਾਣ ਦੀ ਉਮਰ ਦੇ ਹੋ ਜਾਂਦੇ ਹਨ । ਉਹਨਾਂ ਵਿਚੋਂ ਕੁਝ ਮੇਨਸਟ੍ਰੀਮ (ਆਮ) ਸਕੂਲਾਂ ਵਿੱਚ ਅਤੇ ਕੁਝ ਸਪੈਸ਼ਲ ਸਕੂਲਾਂ ਵਿੱਚ – ਜਿਹੜਾ ਵੀ ਸਕੂਲ ਹਰ ਇਕ ਬੱਚੇ ਲਈ ਨਿੱਜੀ ਤੌਰ ਤੇ ਸੱਭ ਤੋਂ ਵੱਧ ਉਚਿੱਤ ਹੋਵੇ, ਚਲੇ ਜਾਂਦੇ ਹਨ ।

ਬੱਚਿਆਂ ਨੂੰ ਚਾਲੂ ਰਹਿਣ ਵਾਲੀ ਮਦੱਦ ਹਫ਼ਤਾਵਾਰ ਜਿਮ ਕਲੱਬ ਜਾਂ ਸਾਲਾਨਾ ਸਮਰ ਸਕੂਲ ਦੇ ਰੂਪ ਵਿੱਚ ਦਿੱਤੀ ਜਾਂਦੀ ਹੈ। ਜੇਕਰ ਫ਼ੰਡਜ਼ ਹੋਣ ਤਾਂ ਕਈ ਵਾਰੀ ਗਰਮੀਆਂ ਵਿੱਚ ਅਸੀਂ 7 ਸਾਲ ਤੋਂ ਵੱਧ ਉਮਰ ਦੇ ਬੱਚਿਆਂ ਅਤੇ ਉਹਨਾਂ ਦੇ ਪਰਵਾਰਾਂ ਨੂੰ ਕਾਰਨਵਾਲ ਵਿੱਚ ਨਿਰਯੋਗ ਲੋਕਾਂ ਲਈ ਇਕ ਆਊਟਡੋਰ ਪਰਸੂਟਸ ਸੈਂਟਰ ਵਿੱਚ ਇਕ ਰੈਜ਼ੀਡੰਸ਼ਿਅਲ ਵੀਕ ਲਈ ਲੈ ਜਾਂਦੇ ਹਾਂ । ਪਰਵਾਰ ਦੇ ਹਰ ਇਕ ਮੈਂਬਰ ਲਈ ਇਹ ਹਮੇਸ਼ਾਂ ਸਵੈ–ਮਾਣ ਅਤੇ ਭਰੋਸਾ ਵਧਾਉਣ ਲਈ ਇਕ ਵੱਡੀ ਹੱਲਾਸ਼ੇਰੀ ਹੁੰਦੀ ਹੈ ।

'ਪੁਰਾਣੇ' ਅਤੇ 'ਮੌਜੂਦਾ' ਪਰਵਾਰਾਂ ਲਈ ਸਾਲ ਦੇ ਵਿੱਚ ਚਾਰ ਤੋਂ ਪੰਜ ਫ਼ੈਮਲੀ ਫ਼ਨ ਡੇਜ਼ ਕੀਤੇ ਜਾਂਦੇ ਹਨ ।

## ਸਾਡਾ ਪ੍ਰਬੰਧ ਕਿਸ ਤਰ੍ਹਾਂ ਚਲਦਾ ਹੈ

ਚੈਰਿਟੀ ਦੇ ਛੇ ਟਰੱਸਟੀ ਹਨ ਜਿਹੜੇ ਕਾਨੂੰਨੀ ਤੌਰ ਤੇ ਚੈਰਿਟੀ ਦੇ ਵਿੱਤੀ ਕਾਰ–ਵਿਹਾਰ ਅਤੇ ਕੰਮ ਚਲਾਉਣ ਲਈ ਜ਼ਿੰਮੇਵਾਰ ਹਨ ।

ਪ੍ਰਬੰਧ ਦਾ ਕੰਮ  ਉਤਸ਼ਾਹ–ਭਰਪੂਰ ਕਮੇਟੀ ਸੰਭਾਲਦੀ ਹੈ ਜਿਸ ਵਿੱਚ ਟਰੱਸਟੀਜ਼ ਅਤੇ ਸੱਤ ਹੋਰ ਮੈਂਬਰ ਹਨ ਜਿਹਨਾਂ ਵਿਚੋਂ ਪੰਜ ਮਾਪੇ ਹਨ । ਦਿਨ ਪ੍ਰਤਿਦਿਨ ਦੇ ਬੰਦੋਬਸਤ ਦਾ ਕੰਮ ਇਕ ਵੋਲੰਟਰੀ ਪ੍ਰਾਜੈਕਟ ਮੈਨੇਜ਼ਰ ਅਤੇ ਇਕ ਵੋਲੰਟਰੀ ਟ੍ਰੈੱਯਰਅਰ (ਖਜ਼ਾਨਚੀ) ਦੁਆਰਾ ਕੀਤਾ ਜਾਂਦਾ ਹੈ । ਨਰਸਰੀ ਦਾ ਕੰਮ–ਕਾਜ਼ ਕਰਨਾ ਇਕ ਹੰਗੇਰੀਅਨ ਟ੍ਰੇਂਡ (ਸਿਖਿਅਤ) ਪ੍ਰਬੰਧਕ ਦੀ ਅਗਵਾਈ ਹੇਠ ਸਟਾਫ਼ ਦੀ ਜ਼ਿੰਮੇਵਾਰੀ ਹੈ ।

ਪੈਸੇ ਸਬੰਧੀ ਮਦੱਦ ਕਈ ਸਰੋਤਾਂ ਤੋਂ ਆਉਂਦੀ ਹੈ ਜਿਹਨਾਂ ਵਿੱਚ CAMHS, ਕੁਝ ਨਰਸਰੀ ਫ਼ੰਡਿੰਗ, BBC ਚਿਲਡਰਨ ਇਨ ਨੀਡ ਅਪੀਲ, ਰੋਜ਼ਮਰੀ ਕੋਨਲੀ ਡਾਇਟ ਅਤੇ ਫ਼ਿਟਨੈਸ ਕਲੱਬਜ਼ ਅਤੇ ਹੋਰ ਚੈਰਿਟੇਬਲ ਟਰੱਸਟਸ ਅਤੇ ਲੋਕਲ ਗਰੁੱਪਸ ਅਤੇ

ਬਿਜ਼ਨਿਸਿਜ਼ (ਕਾਰੋਬਾਰਾਂ) ਦਾ ਇਕ ਗਰੁੱਪ ਸਮੂਹ ਸ਼ਾਮਲ ਹਨ । ਹੋਰ ਪੈਸੇ ਮਾਪਿਆਂ, ਉਹਨਾਂ ਦੇ ਪਰਵਾਰਾਂ ਅਤੇ ਦੋਸਤਾਂ ਮਿੱਤਰਾਂ ਰਾਹੀਂ ਅਯੋਜਿਤ ਕੀਤੇ ਗਏ ਜੁਗਤ–ਪੂਰਣ ਫ਼ੰਡ ਇਕੱਠਾ ਕਰਨ ਦੇ ਪ੍ਰੋਗ੍ਰਾਮਾਂ ਦੁਆਰਾ ਇਕੱਠੇ ਕੀਤੇ ਜਾਂਦੇ ਹਨ ।

ਇਸ ਵੇਲੇ ਸਾਡੀ ਪ੍ਰਮੁੱਖ ਲੋੜ, ਆਪਣੀ ਹੱਕ–ਮਾਲਕੀ ਨੂੰ ਸੁਰੱਖਿਅਤ ਕਰਨ ਲਈ ਅਤੇ ਭਵਿੱਖ ਲਈ ਆਪਣੇ ਆਪ ਨੂੰ ਪ੍ਰਭਾਵਸ਼ਾਲੀ ਤਰੀਕੇ ਨਾਲ ਪਲਾਨ ਕਰਨ ਦੇ ਯੋਗ ਬਣਾਉਣ ਲਈ ਅਤੇ ਜਿਹੜੀਆਂ ਸਰਵਿਸਿਜ਼ ਅਸੀਂ ਪ੍ਰਦਾਨ ਕਰਦੇ ਹਾਂ ਉਹਨਾਂ ਦਾ ਵਿਕਾਸ ਕਰਨ ਲਈ, ਜਗ੍ਹਾ ਦੀ ਮਾਲਕੀ ਪ੍ਰਾਪਤ ਕਰਨਾ ਹੈ । ਜਿਹੜੀ ਜਗ੍ਹਾ ਅਸੀਂ ਕਿਰਾਏ ਤੇ ਲਈ ਹੋਈ ਹੈ ਉਹ ਖਰੀਦਣ ਲਈ ਇਸ ਸਮੇਂ ਅਸੀਂ ਗਲ ਬਾਤ ਕਰ ਰਹੇ ਹਾਂ ।

## ਮਾਪੇ ਕੀ ਕਹਿੰਦੇ ਹਨ

"ਇਥੇ ਕਲਾਸਾਂ ਲਾਉਣ ਨਾਲ ਮੇਰੇ ਬੇਟੇ ਦੇ ਵਿਕਾਸ ਵਿੱਚ ਆਮ ਤੌਰ ਤੇ ਬਹੁਤ ਜ਼ਿਆਦਾ ਫ਼ਰਕ ਪਿਆ ਹੈ । ਉਸ ਦੇ ਸਵੈ–ਮਾਣ ਵਿੱਚ ਵਾਧਾ ਹੁੰਦਾ ਦੇਖ ਕੇ ਬਹੁਤ ਵਧੀਆ ਲੱਗਦਾ ਹੈ ।"

"ਇਹ ਯਕੀਨਣ ਬਣਾਉਣ ਤੇ ਜ਼ੋਰ ਦਿੱਤਾ ਜਾਂਦਾ ਹੈ ਕਿ ਬੱਚਾ ਵੱਧ ਤੋਂ ਵੱਧ ਸ੍ਵੈ–ਨਿਰਭਰ ਹੋਵੇ ਅਤੇ ਇਸ ਦੇ ਸਿੱਟੇ ਵਜੋਂ ਪਿਛਲੇ ਸਾਲ ਜਿਹੜੀ ਸਮੁੱਚੀ ਤਰੱਕੀ ਹੋਈ ਹੈ ਉਹ ਦੇਖ ਕੇ ਮੈਨੂੰ ਅਤੇ ਮੇਰੇ ਪਤੀ ਨੂੰ ਖੁਸ਼ੀ ਹੋਈ ਹੈ ।"

"ਮੇਰੀ ਬੇਟੀ ਨੇ ਜਦੋਂ ਤੋਂ ਨਰਸਰੀ ਵਿੱਚ ਜਾਣਾ ਸ਼ੁਰੂ ਕੀਤਾ ਹੈ ਉਸਦੇ ਜੀਵਨ ਦੀ ਕੁਆਲਿਟੀ ਵਿੱਚ ਵਿਸ਼ਵਾਸ਼ ਕਰਨ ਦੇ ਵਿਤੋਂ ਬਾਹਰ ਸੁਧਾਰ ਹੋਇਆ ਹੈ । ਉਹ ਦੋ ਸਾਲ਼ ਦੀ ਉਮਰ ਦੀ ਉਦਾਸ, ਤੁਰਨ ਜਾਂ ਆਪਣੀ ਉਮਰ ਦੇ ਹੋਰ ਬੱਚਿਆਂ ਦੀ ਤਰ੍ਹਾਂ ਸਾਧਾਰਨ ਕੰਮ ਕਰਨ ਲਈ ਦੋਹਵਾਂ ਹੱਥਾਂ ਦੀ ਇਕੱਠੀ ਵਰਤੋਂ ਕਰਨ ਦੀ ਬੇਵਸੀ ਤੋਂ ਮਾਯੂਸ ਸੀ । ਉਹ ਆਪਣੀ ਮਾਯੂਸੀ ਸਪੱਸ਼ਟ ਤੌਰ ਤੇ ਚੀਕ–ਚਿਹਾੜਾ ਪਾ ਕੇ ਜ਼ਾਹਰ ਕਰ ਸਕਦੀ ਸੀ ਅਤੇ ਇਸ ਦਾ ਅਸਰ ਉਸਦੇ ਪਰਵਾਰ ਤੇ –ਖਾਸ ਕਰਕੇ ਮਾਂ ਤੇ ਪੈਂਦਾ ਸੀ! ਸਤੰਬਰ ਵਿੱਚ ਉਹ ਮੇਨਸਟ੍ਰੀਮ ਸਕੂਲ ਜਾਣਾ ਸ਼ੁਰੂ ਕਰੇਗੀ । ਹੁਣ ਉਹ ਇਕ ਖੁਸ਼, ਸ੍ਵੈ–ਵਿਸ਼ਵਾਸ਼ੀ, ਸਮਝਦਾਰ ਛੋਟੀ ਜਿਹੀ ਲੜਕੀ ਹੈ ਜਿਹੜੀ ਸਮਝਦੀ ਹੈ ਕਿ ਕੁਝ ਚੀਜ਼ਾਂ ਹੋਰ ਬੱਚਿਆਂ ਨਾਲੋਂ ਉਸ ਨੂੰ ਜ਼ਿਆਦਾ ਔਖੀਆਂ ਲੱਗਦੀਆਂ ਹਨ। ਤੁਹਾਡੀਆਂ ਕੋਸ਼ਿਸ਼ਾਂ ਨੇ ਉਸ ਨੂੰ ਆਪਣੀ ਅਸਫ਼ਲਤਾ ਦੇ ਡਰ ਤੇ ਕਾਬੂ ਪਾ ਕੇ ਆਪਣੀਆਂ ਸਰੀਰਕ ਯੋਗਤਾਵਾਂ ਦਾ ਵਿਕਾਸ ਕਰਨ ਪ੍ਰਤੀ ਆਸ਼ਾਵਾਦੀ ਰਵੱਈਆ ਪ੍ਰਦਾਨ ਕੀਤਾ ਹੈ ।"

## ਸਾਡੀ ਸਰਪਰਸਤ, ਰੋਜ਼ਮਰੀ ਕੋਨਲੀ ਦਾ ਸੰਦੇਸ਼

"ਮੈਂ STEPS ਨੂੰ ਉਸ ਸਮੇਂ ਤੋਂ ਜਾਣਦੀ ਹਾਂ ਜਦ ਇਹ ਚੱਨਵੁੱਡ ਸਕੂਲ ਫ਼ਾਰ ਪੇਰੰਟਸ ਵਜੋਂ ਸ਼ੁਰੂ ਹੋਇਆ ਸੀ ਅਤੇ ਮੈਂ ਬੱਚਿਆਂ ਅਤੇ ਉਹਨਾਂ ਦੇ ਮਾਪਿਆਂ ਨੂੰ ਇਸ ਤੋਂ ਮਿਲਦੇ ਬਹੁਤ ਵੱਡੇ ਫ਼ਾਇਦੇ ਖੁਦ ਆਪ ਦੇਖੇ ਹਨ । ਉਹ ਜ਼ਿੰਦਗੀ ਨੂੰ ਬਦਲ ਦੇਣ ਵਾਲਾ ਕੰਮ ਕਰਦੇ ਹਨ! ਮੈਂ ਨਵਾਂ ਨਾਮ STEPS ਪਸੰਦ ਕਰਦੀ ਹਾਂ – ਇਹ ਕੰਮ ਦੇ ਸੁਭਾ ਲਈ ਬਹੁਤ ਅਰਥ ਭਰਪੂਰ ਹੈ। ਮੈਂ ਤੁਹਾਨੂੰ ਸੱਦਾ ਦੇਣਾ ਚਾਹੁੰਦੀ ਹਾਂ ਕਿ ਤੁਸੀਂ ਸੈਂਟਰ ਵਿੱਚ ਆਪ ਆ ਕੇ ਦੇਖੋ ਕਿ ਸੇਧ ਪ੍ਰਦਾਨ ਕਰਨ ਵਾਲੀ ਐਜੂਕੇਸ਼ਨ ਤੁਹਾਡੇ ਪਰਵਾਰ ਤੇ ਕਿਸ ਤਰ੍ਹਾਂ ਪ੍ਰਭਾਵ ਪਾ ਸਕਦੀ ਹੈ ।"